# ਸਪਾਈਡਰਾਂ ਅਤੇ ਚਿੱਚੜਾਂ ਤੋਂ ਸੇਫਟੀ



ਜੇ ਤੁਸੀਂ ਬਾਹਰ ਕੰਮ ਕਰਦੇ ਹੋ ਤਾਂ ਤੁਸੀਂ ਸਪਾਈਡਰਾਂ (ਮੱਕੜੀਆਂ) ਅਤੇ ਚਿੱਚੜਾਂ (ਟਿਕਸ) ਦੇ ਸੰਪਰਕ ਵਿਚ ਆ ਸਕਦੇ ਹੋ। ਇਹ ਮੱਕੜੀ ਵੰਸ਼ ਦੇ ਜੀਵ ਹਨ ਜਿਨ੍ਹਾਂ ਦੀਆਂ ਕੀਟ-ਪਤੰਗਿਆਂ ਦੀਆਂ ਛੇਆਂ ਲੱਤਾਂ ਦੀ ਬਜਾਏ ਅੱਠ ਲੱਤਾਂ ਹੁੰਦੀਆਂ ਹਨ। ਮੱਕੜੀਆਂ ਅਤੇ ਚਿੱਚੜ ਆਮ ਹੁੰਦੇ ਹਨ ਅਤੇ ਇਹ ਸਿਹਤ ਲਈ ਬਹੁਤ ਘੱਟ ਸਮੱਸਿਆਵਾਂ ਪੈਦਾ ਕਰਦੇ ਹਨ। ਸਪਾਈਡਰਾਂ ਅਤੇ ਚਿੱਚੜਾਂ ਬਾਰੇ ਜਾਣਨ ਵਾਲੀਆਂ ਕੁਝ ਸਚਾਈਆਂ ਇਹ ਹਨ।

## ਜੰਗਲੀ ਚਿੱਚੜ




*Rocky Mountain wood tick,*
*BC Ministry of Agriculture*

ਚਿੱਚੜ ਉਨ੍ਹਾਂ ਥਾਂਵਾਂ `ਤੇ ਰਹਿੰਦੇ ਹਨ ਜਿੱਥੇ ਹਿਰਨਾਂ ਅਤੇ ਚੂਹਿਆਂ ਵਰਗੇ ਜੰਗਲੀ ਜਾਨਵਰ ਆਮ ਘੁੰਮਦੇ ਹਨ। ਮਾਦਾ ਚਿੱਚੜਾਂ ਨੂੰ ਆਪਣੇ ਆਂਡੇ ਦੇਣ ਤੋਂ ਪਹਿਲਾਂ ਖ਼ੂਨ ਦੀ ਖ਼ੁਰਾਕ ਦੀ ਲੋੜ ਹੁੰਦੀ ਹੈ, ਇਸ ਕਰਕੇ ਮਾਦਾ ਚਿੱਚੜ, ਝਾੜੀਆਂ ਘਾਹਾਂ `ਤੇ ਚੜ੍ਹ ਜਾਂਦੀਆਂ ਹਨ ਤਾਂ ਜੋ ਉਹ ਗਰਮ-ਖ਼ੂਨ ਵਾਲੇ ਜਾਨਵਰਾਂ ਨੂੰ ਚਿੰਬੜ ਸਕਣ। ਚਿੱਚੜ ਬਹਾਰ ਰੁੱਤ ਦੇ ਗਰਮ ਦਿਨਾਂ ਨੂੰ ਫਰਵਰੀ ਤੋਂ ਲੈ ਕੇ ਜੂਨ ਤੱਕ ਸਰਗਰਮ ਹੁੰਦੇ ਹਨ। ਚਿੱਚੜ ਤੁਹਾਡੇ ਕੱਪੜਿਆਂ `ਤੇ ਚੜ੍ਹ ਜਾਣ ਤੋਂ ਬਾਅਦ, ਲੁਕਣ ਅਤੇ ਆਪਣੀ ਖ਼ੁਰਾਕ ਖਾਣ ਦੀ ਕੋਸ਼ਿਸ਼ ਕਰਦਾ ਹੈ। ਸਿਰ, ਕੱਛਾਂ ਅਤੇ ਚੱਡੇ ਉਹ ਆਮ ਥਾਂਵਾਂ ਹਨ ਜਿੱਥੇ ਚਿੱਚੜ ਚੁੰਬੜਨਗੇ। ਸਾਊਥ ਓਕਨਆਗਨ ਵਿਚ ਚਿੱਚੜਾਂ ਨਾਲ ਕੋਈ ਬੀਮਾਰੀ ਲੱਗਣ ਦਾ ਖਤਰਾ ਬਹੁਤ ਘੱਟ ਹੈ। [1]

### ਚਿੱਚੜਾਂ ਤੋਂ ਰੋਕਥਾਮ ਕਰਨਾ

- ਕੁਦਰਤੀ ਥਾਂਵਾਂ ਦੇ ਨੇੜੇ ਸਮਾਂ ਗੁਜ਼ਾਰਨ ਤੋਂ ਬਾਅਦ ਹਰ ਰੋਜ਼ ਚਿੱਚੜ ਚੈੱਕ ਕਰੋ। ਧਿਆਨ ਨਾਲ ਆਪਣੀਆਂ ਉਂਗਲਾਂ ਆਪਣੇ ਵਾਲਾਂ ਵਿਚ ਫੇਰੋ ਅਤੇ ਸਾਰੇ ਪਾਸੇ ਚੈੱਕ ਕਰੋ।
- ਚਿੱਚੜ ਕਈ ਦਿਨ ਕੱਪੜਿਆਂ ਅਤੇ ਕੰਬਲਾਂ ਵਿਚ ਰਹਿ ਸਕਦੇ ਹਨ ਪਰ ਜੇ ਕੱਪੜੇ, ਕੱਪੜੇ ਸੁਕਾਉਣ ਵਾਲੇ ਡਰਾਇਰ ਵਿਚ ਗਰਮ ਕੀਤੇ ਜਾਂਦੇ ਹਨ ਤਾਂ ਨਹੀਂ ਰਹਿ ਸਕਦੇ।



### ਚਿੱਚੜ ਲਾਹੁਣਾ

- ਚਿੱਚੜ ਲਾਹੁਣਾ ਸੌਖਾ ਹੈ। ਜਿੱਥੇ ਇਹ ਜੁੜਿਆ ਹੋਇਆ ਹੈ, ਇਸ ਨੂੰ ਉੱਥੋਂ ਮੋਚਨੇ ਜਾਂ ਆਪਣੀਆਂ ਉਂਗਲਾਂ ਨਾਲ ਚੰਗੀ ਤਰ੍ਹਾਂ ਫੜੋ ਅਤੇ ਧੂਹ ਕੇ ਲਾਹ ਦਿਉ। ਉਸ ਥਾਂ ਨੂੰ ਐਂਟੀਸੈਪਟਿਕ ਨਾਲ ਸਾਫ ਕਰੋ।

### ਬੀਮਾਰੀਆਂ ਦੀਆਂ ਨਿਸ਼ਾਨੀਆਂ `ਤੇ ਨਿਗ੍ਹਾ ਰੱਖੋ

- ਚਿੰਬੜਿਆ ਚਿੱਚੜ ਲਾਹੁਣ ਤੋਂ ਬਾਅਦ, ਅਗਲੇ ਕੁਝ ਦਿਨਾਂ ਲਈ ਚਮੜੀ `ਤੇ ਨਿਗਰਾਨੀ ਰੱਖੋ। ਜੇ ਦੰਦੀ ਵਾਲੀ ਥਾਂ `ਤੇ ਕੋਈ ਲਾਲੀ ਜਾਂ ਸੋਜ ਹੋ ਜਾਵੇ ਤਾਂ ਡਾਕਟਰ ਕੋਲ ਜਾਉ।
- ਜਿਹੜੀਆਂ ਨਿਸ਼ਾਨੀਆਂ `ਤੇ ਨਿਗ੍ਹਾ ਰੱਖਣੀ ਹੈ ਉਨ੍ਹਾਂ ਵਿਚ ਦੰਦੀ ਵਾਲੀ ਥਾਂ `ਤੇ ਬਹੁਤ ਜ਼ਿਆਦਾ ਦਰਦ, ਬੁਖਾਰ, ਸਿਰਦਰਦ, ਪੇਟ ਦਰਦ, ਪੱਠੇ ਵਿਚ ਦਰਦ ਜਾਂ ਧੱਫੜ ਸ਼ਾਮਲ ਹਨ।
- ਚਿੱਚੜ ਨਾਲ ਅਧਰੰਗ (ਪੈਰਾਲਾਈਜ਼) ਦੇ ਬਹੁਤ ਹੀ ਘੱਟ ਹੋਣ ਵਾਲੇ ਕੇਸ ਚਿੱਚੜ ਦੇ ਥੁੱਕ ਵਿਚਲੇ ਜ਼ਹਿਰ ਨਾਲ ਹੁੰਦੇ ਹਨ। ਜ਼ਹਿਰ ਲੱਤਾਂ ਵਿਚ ਕਮਜ਼ੋਰੀ ਅਤੇ ਅਧਰੰਗ ਕਰਦੀ ਹੈ ਜਿਸ ਦਾ ਫੌਰੀ ਤੌਰ `ਤੇ ਇਲਾਜ ਹੋਣਾ ਚਾਹੀਦਾ ਹੈ।

## ਸਪਾਈਡਰ

ਸਪਾਈਡਰ ਕੀਟ-ਪਤੰਗਿਆਂ ਦਾ ਸ਼ਿਕਾਰ ਕਰਦੇ ਹਨ ਇਸ ਕਰਕੇ ਇਹ ਖੇਤੀਬਾੜੀ ਲਈ ਫਾਇਦੇਮੰਦ ਹਨ। ਸਪਾਈਡਰ ਬੀਮਾਰੀ ਨਹੀਂ ਲਈ ਫਿਰਦੇ ਪਰ ਕੁਝ ਦੇ ਡੰਗ ਜ਼ਹਿਰੀ ਹੁੰਦੇ ਹਨ। ਸਪਾਈਡਰ ਹੱਲਾ ਨਹੀਂ ਬੋਲਦੇ ਅਤੇ ਇਹ ਬਹੁਤ ਹੀ ਘੱਟ ਲੋਕਾਂ ਨੂੰ ਕੱਟਦੇ ਹਨ।

### ਵੈੱਸਟਰਨ ਬਲੈਕ ਵਿਡੋ

- ਓਕਨਆਗਨ ਅਤੇ ਸੀਮਿਲਕਾਮੀਨ ਵੈਲੀਜ਼ ਵਿਚ ਆਮ ਸਪਾਈਡਰ ਹੈ
- ਚਮਕਦਾਰ, ਨਰਮ ਕਾਲਾ ਸਪਾਈਡਰ। ਮਾਦਾ ਸਪਾਈਡਰ ਵੱਡੀਆਂ ਹੁੰਦੀਆਂ ਹਨ ਜਿਨ੍ਹਾਂ ਦੇ ਢਿੱਡ ਦੇ ਹੇਠਾਂ ਲਾਲ ਆਵਰਗਲਾਸ ਹੁੰਦਾ ਹੈ।
- ਬਲੈਕ ਵਿਡੋ ਕੁਚੱਜੇ ਜਾਲੇ ਬੁਣਦੇ ਹਨ ਅਤੇ ਇਹ ਅਕਸਰ ਚੂਹਿਆਂ ਦੀਆਂ ਖੁੱਡਾਂ ਵਿਚ ਜਾਂ ਹਨੇਰੀਆਂ ਥਾਂਵਾਂ `ਤੇ ਦੇਖੇ ਜਾ ਸਕਦੇ ਹਨ। ਬਲੈਕ ਵਿਡੋ ਇਕ ਡਰਾਕਲ ਸਪਾਈਡਰ ਹੈ ਜਿਹੜਾ ਦਿਨ ਵੇਲੇ ਆਪਣੇ ਸਪਾਈਡਰ `ਤੇ ਰਹਿੰਦਾ ਹੈ। ਇਸ ਦੇ ਮੂੰਹ ਦੇ ਹਿੱਸੇ ਛੋਟੇ, ਕਮਜ਼ੋਰ ਹੁੰਦੇ ਹਨ ਅਤੇ ਇਹ ਮਨੁੱਖਾਂ ਦੇ ਬਹੁਤ ਘੱਟ ਡੰਗ ਮਾਰਦਾ ਹੈ। ਡੰਗ ਜ਼ਹਿਰੀ ਹੋ ਸਕਦੇ ਹਨ, ਇਸ ਕਰਕੇ ਜੇ ਸਪਾਈਡਰ ਦੇ ਡੰਗ ਵਾਲੀ ਥਾਂ `ਤੇ ਬਹੁਤ ਜ਼ਿਆਦਾ ਦਰਦ ਹੋਵੇ ਜਾਂ ਪੱਠਾ ਖਿੱਚ ਹੋਵੇ ਤਾਂ ਡਾਕਟਰ ਕੋਲ ਜਾਉ।



**ਕੁਝ ਲੋਕ ਕੀਟ-ਪਤੰਗਿਆਂ ਦੀਆਂ ਦੰਦੀਆਂ ਪ੍ਰਤੀ ਬਹੁਤ ਸੰਵੇਦਨਸ਼ੀਲ ਹੁੰਦੇ ਹਨ।ਕੀਟ-ਪਤੰਗੇ ਦੀ ਕਿਸੇ ਵੀ ਦੰਦੀ ਤੋਂ ਬਾਅਦ ਜੇ ਬਹੁਤ ਜ਼ਿਆਦਾ ਸੋਜ ਪੈ ਜਾਵੇ ਜਾਂ ਦਰਦ ਹੋਵੇ ਤਾਂ ਇਸ ਦਾ ਇਲਾਜ ਕੀਤਾ ਜਾਣਾ ਚਾਹੀਦਾ ਹੈ।**

### ਹੋਰ ਜ਼ਹਿਰੀ ਸਪਾਈਡਰ

- ਜ਼ਹਿਰੀਲਾ ਭੂਰੇ ਰੰਗ ਦਾ ਰਿਕਲੂਸ ਸਪਾਈਡਰ ਬੀ ਸੀ ਵਿਚ ਜਾਂ ਕੈਨੇਡਾ ਵਿਚ ਕਿਤੇ ਨਹੀਂ ਮਿਲਦਾ।
- ਹੋਬੋ ਸਪਾਈਡਰ ਦੱਖਣੀ ਬ੍ਰਿਟਿਸ਼ ਕੋਲੰਬੀਆ ਵਿਚ ਮਿਲਦੇ ਹਨ ਪਰ ਉਹ ਹਮਲਾ ਕਰਨ ਵਾਲੇ ਨਹੀਂ ਹਨ ਅਤੇ ਜ਼ਹਿਰੀ ਡੰਗ ਬਹੁਤ ਘੱਟ ਹਨ।

### ਹੋਰ ਜਾਣਕਾਰੀ ਲਈ:

ਬੀ ਸੀ ਸਪਾਈਡਰਜ਼ `ਤੇ ਈਫੋਨਾ ਵੈੱਬਸਾਈਟ:

www.geog.ubc.ca/biodiversity/efauna/spiders

[1] www.bcmj.org BCMJ Vol. 53(3): *Prevalence of tick-borne pathogens in the South Okanagan, British Columbia.*

*ਸਪੌਂਸਰ ਕਰਤਾ:*

OKANAGAN SIMILKAMEEN CONSERVATION ALLIANCE

CASA·ACSA Canadian Agricultural Safety Association / Association canadienne de sécurité agricole

fcc Farm Credit Canada / Financement agricole Canada